# ਭਾਰਤ ਦੇ ਉਪ-ਰਾਸ਼ਟਰਪਤੀ ਦਾ ਇਸਲਾਮੀ ਗਣਰਾਜ ਇਰਾਨ ਦਾ ਦੌਰਾ (ਮਈ 22, 2024)

ਮਈ 21, 2024

ਭਾਰਤ ਦੇ ਉਪ-ਰਾਸ਼ਟਰਪਤੀ, ਸ਼੍ਰੀ ਜਗਦੀਪ ਧਨਖੜ, 22 ਮਈ 2024 ਨੂੰ ਮਹਾਮਹੀਮ ਰਾਸ਼ਟਰਪਤੀ ਡਾ. ਸੱਯਦ ਇਬਰਾਹਿਮ ਰਈਸੀ, ਮਹਾਮਹੀਮ ਵਿਦੇਸ਼ ਮੰਤਰੀ ਡਾ. ਹੁਸੈਨ ਅਮੀਰ-ਅਬਦੋੱਲਾਹਿਆਨ ਅਤੇ ਹੋਰ ਈਰਾਨੀ ਅਧਿਕਾਰੀਆਂ ਦੇ,19 ਮਈ 2024 ਨੂੰ, ਇੱਕ ਮੰਦਭਾਗੀ ਹੈਲੀਕਾਪਟਰ ਕਰੈਸ਼ ਦੀ ਘਟਨਾ ਵਿੱਚ ਦੁਖਦਾਈ ਅਕਾਲ ਚਲਾਣੇ 'ਤੇ ਸੋਗ ਪ੍ਰਗਟ ਕਰਨ ਦੇ ਵਾਸਤੇ, ਅਧਿਕਾਰਤ ਸੰਸਕਾਰ ਦੇ ਵਿੱਚ ਹਿੱਸਾ ਲੈਣ ਲਈ ਇਸਲਾਮੀ ਗਣਰਾਜ ਇਰਾਨ ਦਾ ਦੌਰਾ ਕਰਨਗੇ।

ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਇਰਾਨ ਦੀ ਸਰਕਾਰ ਅਤੇ ਲੋਕਾਂ ਦੇ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ। ਵਿਦੇਸ਼ ਮੰਤਰੀ ਨੇ ਇਸ ਦੁਖਦਾਈ ਨੁਕਸਾਨ 'ਤੇ ਭਾਰਤ ਵਲੋਂ ਸੋਗ ਪ੍ਰਗਟ ਕਰਨ ਲਈ 21 ਮਈ, 2024 ਨੂੰ ਨਵੀਂ ਦਿੱਲੀ ਵਿੱਚ ਇਸਲਾਮੀ ਗਣਰਾਜ ਇਰਾਨ ਦੇ ਦੂਤਾਵਾਸ ਦਾ ਦੌਰਾ ਕੀਤਾ। ਭਾਰਤ ਮੰਗਲਵਾਰ, 21 ਮਈ 2024 ਨੂੰ ਰਾਸ਼ਟਰੀ ਸੋਗ ਦਿਹਾੜੇ ਵਜੋਂ ਮਨਾ ਰਿਹਾ ਹੈ।

**ਨਵੀਂ ਦਿੱਲੀ**
**ਮਈ 21, 2024**